सत्यमेव जयते



**ਵੀ.ਪੀ. ਸਿੰਘ ਬਦਨੌਰ**

*ਰਾਜਪਾਲ ਪੰਜਾਬ ਅਤੇ*
*ਪ੍ਰਸ਼ਾਸਕ, ਯੂ.ਟੀ. ਚੰਡੀਗੜ੍ਹ*

# ਸੰਦੇਸ਼

ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਸੇਵਾ ਦਾ ਅਧਿਕਾਰ ਐਕਟ ਹੁਣ ਯੂ.ਟੀ. ਚੰਡੀਗੜ੍ਹ 'ਚ ਪੂਰੀ ਤਰ੍ਹਾਂ ਲਾਗੂ ਹੋ ਚੁੱਕਾ ਹੈ। ਇਸ ਦਾ ਭਾਵ ਇਹ ਹੈ ਕਿ ਲੋਕਾਂ ਕੋਲ ਇਸ ਗੱਲ ਦਾ ਅਧਿਕਾਰ ਹੈ ਕਿ ਉਹ ਸਰਕਾਰੀ ਵਿਭਾਗਾਂ ਕੋਲੋਂ ਜਨਤਕ ਸੇਵਾਵਾਂ ਇਕ ਨਿਰਧਾਰਤ ਸਮਾਂ ਸੀਮਾ ਅੰਦਰ ਪ੍ਰਾਪਤ ਕਰ ਸਕਦੇ ਹਨ। ਜੇ ਕੋਈ ਸਰਕਾਰੀ ਅਧਿਕਾਰੀ ਨਿਰਧਾਰਿਤ ਸਮਾਂ ਸੀਮਾ ਅੰਦਰ ਸੇਵਾਵਾਂ ਮੁਹੱਈਆ ਨਹੀਂ ਕਰਦਾ/ਕਰਦੀ ਤਾਂ ਉਸਨੂੰ ਇਸ ਲਈ ਜਵਾਬਦੇਹ ਕਰਾਰ ਦਿੱਤਾ ਜਾ ਸਕਦਾ ਹੈ। ਇਸ ਸਬੰਧੀ ਕਿਸੇ ਤਰ੍ਹਾਂ ਦੀ ਲਾਪਰਵਾਹੀ ਹੋਣ 'ਤੇ ਨਾ ਸਿਰਫ ਜੁਰਮਾਨਾ ਕੀਤਾ ਜਾ ਸਕਦਾ ਹੈ, ਬਲਕਿ ਉਸ ਵਿਰੁਧ ਅਨੁਸ਼ਾਸਕੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਚੰਡੀਗੜ੍ਹ ਪ੍ਰਸ਼ਾਸਨ ਦੇ 28 ਵਿਭਾਗਾਂ ਦੁਆਰਾ ਮੁਹੱਈਆ ਕਰਵਾਈਆਂ ਜਾ ਰਹੀਆਂ ਕੁੱਲ 486 ਸੇਵਾਵਾਂ ਪ੍ਰਸ਼ਾਸਨ ਦੇ ਨੋਟੀਫਿਕੇਸ਼ਨ ਨੰ. 28/67/1-ਆਈਐਚ(11)-2020/10872 ਮਿਤੀ 08.10.2020 ਦੇ ਅਧੀਨ ਸੂਚਿਤ ਕੀਤੀਆਂ ਗਈਆਂ ਹਨ, ਜਿਸ ਵਿੱਚ ਸੇਵਾਵਾਂ ਅਤੇ ਨਾਮਜ਼ਦ ਅਧਿਕਾਰੀਆਂ ਦਾ ਵੇਰਵਾ ਹੈ ਜੋ ਇਹ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੋਣਗੇ, ਅਤੇ ਪਹਿਲੇ ਅਤੇ ਦੂਜੇ ਅਪੀਲ ਅਧਿਕਾਰੀ ਜਿਨ੍ਹਾਂ ਦੇ ਅੱਗੇ ਨਾਗਰਿਕ ਅਪੀਲ ਦਾਇਰ ਕਰ ਸਕਦੇ ਹਨ ਜੇ ਸੇਵਾ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪ੍ਰਦਾਨ ਨਹੀਂ ਕੀਤੀ ਜਾਂਦੀ ਜਾਂ ਕਿਸੇ ਵੀ ਤਰੀਕੇ ਨਾਲ ਉਸ ਵਿੱਚ ਕੋਈ ਘਾਟ ਹੈ।

ਇਕ ਕਮਿਸ਼ਨ ਜਿਸ ਨੂੰ ਚੰਡੀਗੜ੍ਹ ਰਾਈਟ ਟੂ ਸਰਵਿਸ ਕਮਿਸ਼ਨ ਵਜੋਂ ਜਾਣਿਆ ਜਾਂਦਾ ਹੈ, ਨੂੰ ਸੇਵਾ ਦਾ ਅਧਿਕਾਰ ਐਕਟ ਨੂੰ ਲਾਗੂ ਕਰਨ 'ਤੇ ਨਿਗਰਾਨੀ ਰੱਖਣ ਲਈ ਪਹਿਲਾਂ ਹੀ ਗਠਨ ਕਰ ਦਿੱਤਾ ਗਿਆ ਹੈ। ਇਸ ਐਕਟ ਦਾ ਪੂਰਾ ਵੇਰਵਾ, ਸਬੰਧਿਤ ਨਿਯਮ ਅਤੇ ਉਪਰੋਕਤ ਦੱਸੇ ਨੋਟਿਫਿਕੇਸ਼ਨ ਨੂੰ ਕਮਿਸ਼ਨ ਦੀ ਵੈਬੱਸਾਈਟ **rtsc.chd.gov.in** ਤੇ ਵੇਖਿਆ ਜਾ ਸਕਦਾ ਹੈ।

ਸੇਵਾ ਦਾ ਅਧਿਕਾਰ ਐਕਟ ਸਬੰਧੀ ਕਿਸੇ ਤਰ੍ਹਾਂ ਦੀ ਪੁੱਛਗਿੱਛ ਜਾਂ ਜਨਤਕ ਸੇਵਾਵਾਂ ਨੂੰ ਨਿਰਧਾਰਿਤ ਸਮਾਂ ਸੀਮਾ ਅੰਦਰ ਪ੍ਰਾਪਤ ਕਰਨ 'ਚ ਮੁਸ਼ਕਲ ਪੇਸ਼ ਆਉਣ ਤੇ ਆਮ ਜਨਤਾ, ਕਮਿਸ਼ਨਰ ਸ਼੍ਰੀ ਕੇ.ਕੇ. ਜਿੰਦਲ, ਆਈ.ਏ.ਐਸ. (ਰਿਟਾ.) ਨਾਲ ਈ-ਮੇਲ/ਫ਼ੋਨ ਕਾਲ ਰਾਹੀਂ ਜਾਂ ਨਿੱਜੀ ਤੌਰ ਤੇ ਹੇਠਾਂ ਦਿੱਤੇ ਪਤੇ ਤੇ ਜਾ ਕੇ ਸੰਪਰਕ ਕਰ ਸਕਦੀ ਹੈ :

## ਚੰਡੀਗੜ੍ਹ ਰਾਈਟ ਟੂ ਸਰਵਿਸ ਕਮਿਸ਼ਨ

**ਨਗਰ ਯੋਜਨਾ ਭਵਨ, ਸੀ-ਵਿੰਗ, ਮੱਧਿਆ ਮਾਰਗ**
**ਸੈਕਟਰ 18-ਏ, ਚੰਡੀਗੜ੍ਹ - 160018**
**ਫ਼ੋਨ ਨੰਬਰ: 0172-5171500, 2700018**
**ਈ-ਮੇਲ: chd.rtsc@chd.nic.in     ਵੈੱਬਸਾਈਟ: rtsc.chd.gov.in**

ਮੈਂ ਏਸ ਸਿਟੀ ਬਿਊਟੀਫੁੱਲ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਐਕਟ ਦੀ ਵਰਤੋਂ ਕਰਦੇ ਹੋਏ ਜਨਤਕ ਸੇਵਾਵਾਂ ਦੀ ਸਮਾਂ-ਬੱਧ ਪ੍ਰਾਪਤੀ ਦਾ ਪੂਰਾ ਲਾਭ ਉਠਾਉਣ।

ਸਹੀ/-
**(ਵੀ.ਪੀ. ਸਿੰਘ ਬਦਨੌਰ)**

Appeared on Ajit Newspaper on 22-Oct-2020 and 25-Oct-2020

Appeared on Punjabi Tribune Newspaper on 25-Oct-2020